**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੌਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥੋਰਿਟੀ, ਪੰਜਾਬ**
**ਐਸ.ਸੀ.ਓ. ਨੰ : 104-106, ਦੂਜੀ ਮੰਜ਼ਿਲ, ਸੈਕਟਰ-34 ਏ,**
**ਚੰਡੀਗੜ੍ਹ**

ਟੈਲੀਫੋਨ ਫੈਕਸ
2621106 2624687

ਵੱਲ

ਜਿਲ੍ਹਾ ਸਿੱਖਿਆ ਅਫਸਰ (ਸੈ:ਸਿ)

ਮੀਮੋ ਨੰ:2/1-ICT-09/DIET/37148-37167
ਮਿਤੀ, ਚੰਡੀਗੜ੍ਹ 13-05-2010

**ਵਿਸ਼ਾ: ਸਇੰਸ ਅਧਿਆਪਕਾਂ ਨੂੰ ਕੰਪਿਊਟਰ ਟ੍ਰੇਨਿੰਗ ਦੇਣ ਸਬੰਧੀ।**

1. ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ PAB ਵਿੱਚ RMSA ਅਧੀਨ ਪੰਜ ਦਿਨਾਂ ਦੀ ਟ੍ਰੇਨਿੰਗ ਮਨਜ਼ੂਰ ਹੋਈ ਹੈ। ਇਸ ਅਧੀਨ 200 ਰੁ: ਪ੍ਰਤਿ ਅਧਿਆਪਕ ਪ੍ਰਤਿ ਦਿਨ ਮਨਜ਼ੂਰ ਹੋਏ ਹਨ।

2. ਇਸ ਟ੍ਰੈਨਿੰਗ ਦਾ ਮੰਤਵ ਪੰਜਾਬ ਰਾਜ ਵਿੱਚ **9ਵੀਂ** ਅਤੇ **10ਵੀਂ** ਜਮਾਤ ਨੂੰ ਪੜ੍ਹਾ ਰਹੇ ਅਧਿਆਪਕਾਂ ਨੂੰ ਟ੍ਰੈਨਿੰਗ ਦੇਣਾ ਹੈ।

3. RMSA ਅਧੀਨ ਪੰਜਾਬ ਰਾਜ ਵਿੱਚ ਸਇੰਸ ਅਧਿਆਪਕਾਂ ਨੂੰ **ਪੰਜਾਬ ਆਈ. ਸੀ. ਟੀ. ਅਕਾਦਮੀ ਐਸ. ਏ. ਐਸ ਨਗਰ** ਅਤੇ **ਪੰਜਾਬ ਆਈ. ਸੀ. ਟੀ. ਅਕਾਦਮੀ ਨਵਾਂ ਸ਼ਹਿਰ** ਵਿਖੇ ਪੰਜ ਰੋਜ਼ਾ ਟ੍ਰੇਨਿੰਗ ਕਰਵਾਈ ਜਾਵੇਗੀ।

4. ਜ਼ਿਲਾ ਸਿੱਖਿਆ ਅਫਸਰ (ਸੈ: ਸਿ) (ਸ਼ਡਿਊਲ ਅਨੁਸਾਰ) ਸਾਇੰਸ ਅਧਿਆਪਕਾ ਨੂੰ ਟ੍ਰੇਨਿੰਗ ਲੈਣ ਲਈ ਆਦੇਸ਼ ਜਾਰੀ ਕਰਨ।ਅਦੇਸ਼ ਜਾਰੀ ਕਰਨ ਸਮੇਂ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਸਿਰਫ ਉਹਨਾਂ ਅਧਿਆਪਕਾਂ ਨੂੰ ਪਹਿਲ ਦਿੱਤੀ ਜਾਵੇ ਜੋ ਕੰਪਿਊਟਰ ਟ੍ਰੈਨਿੰਗ ਲੈਣ ਦੇ ਇੱਛੁਕ ਹੋਣ।

5. ਇਸ ਟ੍ਰੇਨਿੰਗ ਦਾ ਇੱਕ ਬੈਚ ਐਸ. ਏ. ਐਸ ਨਗਰ ਵਿਖੇ ਅਤੇ ਇਕ ਨਵਾਂ ਸ਼ਹਿਰ ਵਿਖੇ ਚੱਲੇਗਾ ਅਤੇ ਹਰ ਇੱਕ ਬੈਚ ਵਿੱਚ **20** ਅਧਿਆਪਕ ਭਾਗ ਲੈਣਗੇ।

6. ਟ੍ਰੇਨਿੰਗ ਤੇ ਆਉਣ ਵਾਲਾ ਖਰਚਾ **RMSA** ਦੀ ਟੀਚਰ ਟ੍ਰੇਨਿੰਗ ਫੰਡ ਵਿਚੋਂ ਾਰ GISTC/DIET ਰੋਪੜ ਅਤੇ ਨਵਾਂ ਸ਼ਹਿਰ ਦੁਆਰਾ ਹੇਠਾਂ ਲਿਖੇ ਅਨੁਸਾਰ ਕੀਤਾ ਜਾਵੇਗਾ।

ੳ) 10 ਰੁ: ਪ੍ਰਤਿ ਅਧਿਆਪਕ ਬਤੌਰ ਸਟੇਸ਼ਨਰੀ ।

ਅ) ਕਰਮਚਾਰੀ ਦੇ ਅਉਣ/ ਜਾਣ ਦਾ ਅਸਲ ਸਧਾਰਨ ਬੱਸ ਕਿਰਾਇਆ ।

ੲ) **35 ਰੁ:** ਪ੍ਰਤਿ ਦਿਨ ਪ੍ਰਤਿ ਅਧਿਆਪਕ ਬਤੋਰ ਦੁਪਹਿਰ ਦਾ ਭੋਜਣ ਅਤੇ ਚਾਹ।

ਸ) ਅਧਿਆਪਕ ਜਿਨ੍ਹਾਂ ਦੀ ਠਹਿਰ ਟ੍ਰੇਨਿੰਗ ਦੋਰਾਨ ਐਸ. ਏ. ਐਸ ਨਗਰ ਅਤੇ ਨਵਾਂ ਸ਼ਹਿਰ ਵਿਖੇ ਹੋਵੇਗੀ ਉਨਾਂ ਦੀ ਠਹਿਰ ਦਾ ਪ੍ਰਬੰਧ ਕ੍ਰਮਵਾਰ **GISTC** ਰੋਪੜ ਅਤੇ ਡਇਟ ਨਵਾਂ ਸ਼ਹਿਰ ਵੱਲੋਂ ਕੀਤਾ ਜਾਵੇਗਾ

ਹ) ਐਸ. ਏ. ਐਸ ਨਗਰ ਅਤੇ ਨਵਾਂ ਸ਼ਹਿਰ ਠਹਿਰਨ ਵਾਲੇ ਅਧਿਆਪਕਾਂ ਨੂੰ **80 ਰੁ**: ਪ੍ਰਤਿ ਦਿਨ ਪ੍ਰਤਿ ਅਧਿਆਪਕ (ਦੁਪਹਿਰ ਦਾ ਭੋਜਨ , ਸ਼ਾਮ ਦਾ ਭੋਜਨ ਅਤੇ ਚਾਹ ਅਦਿ ਲਈ) **GISTC/DIET** ਵੱਲੋ੍ਹ ਅਦਾ ਕੀਤੇ ਜਾਣਗੇ।

ਕ) ਐਸ. ਏ. ਐਸ ਨਗਰ ਅਤੇ ਨਵਾਂਸ਼ਹਿਰ ਠਹਿਰਨ ਵਾਲੇ ਅਧਿਆਪਕਾਂ ਨੂੰ ਇੱਕ ਵਾਰ ਜਾਣ ਅਤੇ ਇਕ ਵਾਰ ਆਉਣ ਦਾ ਸਧਾਰਨ ਬੱਸ ਕਿਰਾਇਆ ਅਦਾ ਕੀਤਾ ਜਾਵੇਗਾ।

ਹ) ਰਿਸੋਰਸ ਪਰਸਨ ਨੂੰ ਕਿਸੇ ਤਰਾਂ ਦੀ ਕੋਈ ਵੀ ਮਾਨ ਭੱਤਾ/ ਅਦਾਇਗੀ GISTC/DIET ਵੱਲੋਂ ਨਹੀਂ ਕੀਤੀ ਜਾਵੇਗੀ।

**ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ**

**ਪਿਠ ਅੰਕਣ ਨੰ:** 2/1-ICT-09/DIET/37168-72 **ਮਿਤੀ:** 13-05-2010

ਉਪਰੋਕਤ ਵਿਸ਼ੇ ਦਾ ਉਤਾਰਾ ਸੂਚਨਾ ਹਿੱਤ ਭੇਜਿਆ ਜਾਦਾਂ ਹੈ।

1. ਸਮੂਹ GISTC/DIET (ਨਵਾਂ ਸਹਿਰ, ਮੋਗਾ, ਮੁਕਤਸਰ, ਮਾਨਸਾ, ਫਤਿਹਗੜ੍ਹ ਸਹਿਬ।

**ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ**